THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:ਪੀ.ਐਸ.ਬੀ./ਆਈ.ਟੀ./1804 ਮਿਤੀ: 23/5/16

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ,
ਪੰਜਾਬ ਰਾਜ ਅਧੀਨ।

**ਵਿਸ਼ਾ: ਐਨ.ਟੀ.ਸੀ. ਜਾਰੀ ਕਰਨ ਲਈ ਨਿਰਧਾਰਤ ਪ੍ਰੋਫਾਰਮੇ ਤੇ ਡਾਟਾ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਡੀ.ਜੀ.ਟੀ. ਨਵੀਂ ਦਿੱਲੀ ਤੋਂ ਸਮੇਂ ਸਮੇਂ ਤੇ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਨਮੁੱਖ ਆਪ ਜੀ ਨੂੰ ਇਸ ਦਫਤਰ ਦੁਆਰਾ ਕਈ ਵਾਰ ਨਿਰਧਾਰਤ ਪ੍ਰੋਫਾਰਮੇ ਤੇ ਐਨ.ਟੀ.ਸੀ. (ਸਾਲ 2014 ਤੋਂ ਪਹਿਲਾਂ ਹੋਏ ਦਾਖਲੇ ਸਬੰਧੀ) ਜਾਰੀ ਕਰਨ ਹਿਤ ਸੂਚਨਾ ਮੰਗੀ ਜਾਂਦੀ ਰਹੀ ਹੈ। ਇਸ ਸਬੰਧ ਵਿੱਚ ਕਾਫੀ ਸੰਸਥਾਵਾਂ ਵਲੋਂ ਸੂਚਨਾ ਵੀ ਪ੍ਰਾਪਤ ਹੋ ਗਈ ਹੈ। ਜਿਹਨਾਂ ਸੰਸਥਾਵਾਂ ਵਲੋਂ ਡੀ.ਜੀ.ਟੀ. ਨਵੀਂ ਦਿੱਲੀ ਦੀ ਹਦਾਇਤਾਂ ਅਨੁਸਾਰ ਸਹੀ ਸੂਚਨਾ ਭਰਕੇ ਭੇਜੀ ਗਈ ਸੀ ਉਸ ਨੂੰ ਬੋਰਡ ਦਫਤਰ ਦੁਆਰਾ ਕੰਪਾਈਲ ਕਰਕੇ ਡੀ.ਜੀ.ਟੀ. ਨੂੰ ਐਨ.ਟੀ.ਸੀ. ਜਾਰੀ ਕਰਨ ਹਿਤ ਭੇਜ ਦਿੱਤਾ ਗਿਆ ਸੀ। ਡੀ.ਜੀ.ਟੀ. ਨਵੀਂ ਦਿੱਲੀ ਨਾਲ ਹੋਈ ਗੱਲਬਾਤ ਅਨੁਸਾਰ ਇਸ ਸਬੰਧੀ ਸਰਟੀਫਿਕੇਟ ਵੀ ਜਲਦੀ ਹੀ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜਿਹਨਾਂ ਸੰਸਥਾਵਾਂ ਵਲੋਂ ਗਲਤ/ਅਧੂਰਾ ਜਾਂ ਡੀ.ਜੀ.ਟੀ. ਨਵੀਂ ਦਿੱਲੀ ਦੀ ਗਾਈਡ ਲਾਈਨਾ ਅਨੁਸਾਰ ਡਾਟਾਂ ਨਹੀਂ ਭੇਜਿਆ ਗਿਆ ਸੀ ਉਹਨਾਂ ਨੂੰ ਬੋਰਡ ਦਫਤਰ ਦੁਆਰਾ ਸੂਚਿਤ ਕਰ ਦਿੱਤਾ ਗਿਆ ਹੈ/ਜਾ ਕੀਤਾ ਜਾ ਰਿਹਾ ਹੈ। ਇੱਥੇ ਇਹ ਖਾਸ ਦੱਸਣ ਯੋਗ ਹੈ ਕਿ ਬੋਰਡ ਦਫਤਰ ਦੁਆਰਾ ਪੂਰਾ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਪਾਸ ਹੋਏ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਉਹਨਾਂ ਨੂੰ ਜਾਰੀ ਕੀਤੇ ਜਾਣ ਵਾਲੇ ਐਨ.ਟੀ.ਸੀ. ਦੀ ਪੈਂਡੰਸੀ ਨੂੰ ਪਹਿਲ ਦੇ ਅਧਾਰ ਤੇ ਖਤਮ ਕਰ ਦਿੱਤਾ ਜਾਵੇ।

ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਨੂੰ ਆਖਿਰੀ ਮੌਕਾ ਦੇਂਦੇ ਹੋਏ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੀ ਸੰਸਥਾ ਦੇ ਐਨ.ਸੀ.ਵੀ.ਟੀ. ਸਕੀਮ ਅਧੀਨ ਜਿਹਨਾਂ ਵਿਦਿਆਰਥੀਆਂ ਦੇ ਐਨ.ਟੀ.ਸੀ. (ਸਾਲ 2014 ਤੋਂ ਪਹਿਲਾਂ ਹੋਏ ਦਾਖਲੇ ਸਬੰਧੀ) ਜਾਰੀ ਨਹੀਂ ਹੋਏ ਹਨ, ਉਹਨਾਂ ਦੀ ਡੀ.ਜੀ.ਟੀ. ਨਵੀਂ ਦਿੱਲੀ ਦੀ ਹਦਾਇਤਾਂ ਦੇ ਸਨਮੁੱਖ ਲੋੜੀਂਦਾ ਡਾਟਾ ਨੱਥੀ ਨਿਰਧਾਰਤ Excel ਫਾਰਮੇਟ ਤੇ ਭਰ ਕੇ ਸੀ. ਡੀ. ਸਮੇਤ ਵਿਸ਼ੇਸ਼ ਹਰਕਾਰੇ ਰਾਹੀਂ ਮਿਤੀ:-6-6-2016 ਨੂੰ ਇਸ ਦਫਤਰ ਵਿਖੇ ਭੇਜ ਕੇ ਸਬੰਧਤ ਸਟਾਫ ਮੈਂਬਰ ਨੂੰ ਹੈਂਡ ਓਵਰ ਕਰਨਾ ਯਕੀਨੀ ਬਣਾਇਆ ਜਾਵੇ।

ਇੱਥੇ ਇਹ ਖਾਸ ਦੱਸਣ ਯੋਗ ਹੈ ਕਿ ਉਪਰੋਕਤ ਦਰਸਾਈ ਮਿਤੀ ਤੋਂ ਬਾਅਦ ਬੋਰਡ ਦਫਤਰ ਦੁਆਰਾ ਸੰਸਥਾਵਾਂ ਤੋਂ ਕੋਈ ਵੀ ਉਕਤ ਅਨੁਸਾਰ ਦਰਸਾਇਆ ਡਾਟਾ ਨਹੀਂ ਲਿਆ ਜਾਵੇਗਾ ਅਤੇ ਸੂਚਨਾ ਸਮੇਂ ਸਿਰ ਨਾਂ ਭੇਜਣ ਦੀ ਸੂਰਤ ਵਿੱਚ ਪੈਦਾ ਹੋਣ ਵਾਲੀ ਉਲਝਨਾਂ ਦੀ ਸਮੁੱਚੀ ਜਿੰਮੇਵਾਰੀ ਸੰਸਥਾ ਦੀ ਠਹਿਰਾਈ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਨੱਥੀ:-ਉਪਰੋਕਤ ਅਨੁਸਾਰ

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)

23/5/16